## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

ਸੇਵਾ ਵਿਖੇ

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ
2. ਰਜਿਸਟਰਾਰ, ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ ਹੁਸ਼ਿਆਰਪੁਰ।
3. ਰਜਿਸਟਰਾਰ, ਪੰਜਾਬ ਨਰਸਿਜ ਰਜਿਸਟ੍ਰੇਸ਼ਨ ਕੌਂਸਲ, ਚੰਡੀਗੜ੍ਹ।

ਨੰ:6ਐਮ.ਈ.3-ਪੰ:-13/ 10573-75
ਮਿਤੀ ਚੰਡੀਗੜ੍ਹ: 10/6/13

ਵਿਸ਼ਾ:- **ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਦਾਖਲੇ ਸਮੇਂ ਟਿਊਸ਼ਨ ਫੀਸ ਅਤੇ ਹੋਰ ਨਾਨ-ਰਿਫੰਡਏਬਲ ਫੀਸਾਂ ਨਾ ਲੈਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਪੰਜਾਬ ਸਰਕਾਰ ਭਲਾਈ ਵਿਭਾਗ ਦੇ ਅੰ:ਵਿ:ਪੱ:ਨੰ:3/74/07-ਐਸ.ਏ.-11/2244-2249 ਮਿਤੀ 11.07.2007, ਯੂ.ਓ. ਨੰ:3/74/07-ਐਸ.ਏ.2/34696 ਮਿਤੀ 20.03.2013 ਅਤੇ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਦੇ ਪੱਤਰ ਨੰ:ਸ-17/20925-28 ਮਿਤੀ 10.12.2012 (ਕਾਪੀ ਨੱਥੀ ਹੈ) ਪੱਤਰਾਂ ਰਾਹੀਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਨਾਨ-ਰਿਫੰਡਏਬਲ ਫੀਸਾਂ ਨਾ ਲੈਣ ਦਾ ਫੈਸਲਾ ਕੀਤਾ ਹੋਇਆ ਹੈ ਅਤੇ ਇਨ੍ਹਾਂ ਦੀ ਪਾਲਣਾ ਨਾ ਕਰਨ ਵਾਲੀਆਂ ਸੰਸਥਾਵਾਂ ਵਿਰੁਧ ਸਖਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਇਸੇ ਮਾਮਲੇ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ: 1904 ਆਫ 2013 ਲੋਕ ਹਿਤ ਵਿੱਚ ਦਾਇਰ ਕੀਤੀ ਗਈ ਹੈ ਕਿ ਸੰਸਥਾਵਾਂ ਵਲੋਂ ਵਿਸ਼ੇ ਅੰਕਿਤ ਸਕੀਮ/ਮਾਮਲੇ ਤਹਿਤ ਵਿਦਿਆਰਥੀਆਂ ਨੂੰ ਬਣਦਾ ਲਾਭ ਨਹੀਂ ਦਿੱਤਾ ਜਾ ਰਿਹਾ ਅਤੇ ਫੀਸਾਂ ਲਈਆਂ ਜਾ ਰਹੀਆਂ ਹਨ। ਜਿਸ ਕਾਰਨ ਵਿਭਾਗ ਨੂੰ ਲਿਟੀਗੇਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਨਯੋਗ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਪੰਜਾਬ ਵਲੋਂ ਇਹ ਸਕੀਮ ਲਾਗੂ ਕਰਨ ਵਾਲੇ ਸਾਰੇ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਅਤੇ ਡਾਇਰੈਕਟਰਾਂ ਨਾਲ ਇਸ ਮਾਮਲੇ ਸਬੰਧੀ ਮੀਟਿੰਗ ਰੱਖੀ ਗਈ। ਇਸ ਲਈ ਕਿਰਪਾ ਕਰਕੇ ਇਸ ਦਫਤਰ ਨੂੰ ਉਨ੍ਹਾਂ ਬੱਚਿਆਂ ਦੀ ਗਿਣਤੀ/ਵੇਰਵੇ ਦੋ ਦਿਨ ਵਿੱਚ ਭੇਜੇ ਜਾਣ, ਜਿਨ੍ਹਾਂ ਤੋਂ ਇਸ ਸਕੀਮ ਅਧੀਨ ਫੀਸਾਂ ਨਹੀਂ ਲਈਆਂ ਗਈਆਂ। ਇਸ ਤੋਂ ਇਲਾਵਾ ਜੇਕਰ ਇਸ ਮਾਮਲੇ ਸਬੰਧੀ ਆਪ ਨੂੰ ਕੋਈ ਸ਼ਿਕਾਇਤ ਪ੍ਰਾਪਤ ਹੋਈ ਹੋਵੇ ਤਾਂ ਉਸ ਦੇ ਵੇਰਵੇ ਵੀ ਭੇਜੇ ਜਾਣ ਜੀ।

ਕੇਂਦਰ ਸਰਕਾਰ/ਪੰਜਾਬ ਸਰਕਾਰ/ਭਲਾਈ ਵਿਭਾਗ ਦੀਆਂ ਸਾਰੀਆਂ ਸਕੀਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਸੰਸਥਾ ਇਨ੍ਹਾ ਹੁਕਮਾਂ ਨੂੰ ਲਾਗੂ ਨਹੀਂ ਕਰਦੀ ਤਾਂ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਸਬੰਧਤ ਸੰਸਥਾ ਵਿਰੁਧ ਬਣਦੀ ਸਖਤ ਕਾਰਵਾਈ ਦੀ ਸਿਫਾਰਿਸ਼ ਕੀਤੀ ਜਾ ਸਕੇ।

ਇਸ ਸਕੀਮ ਸਬੰਧੀ ਪੱਤਰ ਅਤੇ ਗਾਈਡ ਲਾਈਨਾਂ ਆਦਿ ਸਾਰੀ ਜਾਣਕਾਰੀ ਵਿਭਾਗ ਦੀ ਵੈਬ-ਸਾਈਟ www.punjabmedicaleducation.org ਉੱਤੇ ਸਕਾਲਰਸ਼ਿਪ ਪੇਜ ਉਤੇ ਉਪਲਬਧ ਹੈ। ਇਸ ਸਕੀਮ ਸਬੰਧੀ ਪ੍ਰਾਸਪੈਕਟਸ ਵਿੱਚ ਜਾਣਕਾਰੀ ਦਿੱਤੀ ਜਾਵੇ ਅਤੇ ਸੰਸਥਾਵਾਂ ਵਲੋਂ ਨੋਟਿਸ ਬੋਰਡਾਂ ਰਾਹੀਂ ਇਸ ਸਕੀਮ ਸਬੰਧੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ। ਦਾਖਲੇ ਸਮੇਂ ਇਸ ਸਕੀਮ ਸਬੰਧੀ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ ਜਾਵੇ, ਨੋਟਿਸ ਬੋਰਡ ਤੇ ਲਗਾਇਆ ਜਾਵੇ ਅਤੇ ਦਾਖਲੇ ਸਮੇਂ ਨੋਟਿਸ ਬੋਰਡ ਉੱਤੇ ਨੋਡਲ ਅਫਸਰ ਦਫਤਰ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਵਿਭਾਗ, ਪੰਜਾਬ ਅਤੇ ਮਾਨਯੋਗ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਪੰਜਾਬ ਦੇ ਟੈਲੀਫੋਨ ਨੰਬਰ ਲਿਖੇ ਜਾਣ ਤਾਂ ਜੋ ਜੇਕਰ ਕਿਸੇ ਵਿਦਿਆਰਥੀਆਂ ਨੂੰ ਕੋਈ ਸ਼ਿਕਾਇਤ ਹੋਵੇ ਤਾਂ ਉਹ ਮੌਕੇ ਉਤੇ ਹੀ ਉੱਚ-ਅਧਿਕਾਰੀਆਂ ਨਾਲ ਸੰਪਰਕ ਕਰਕੇ ਆਪਣੀ ਸਮੱਸਿਆ ਬਾਰੇ ਦੱਸ ਸਕੇ।

ਸਾਲ 2013-14 ਤੋਂ ਸਕਾਲਰਸ਼ਿਪ ਸਕੀਮਾਂ ਆਨ-ਲਾਈਨ ਕੀਤੀਆਂ ਜਾ ਰਹੀਆਂ ਹਨ, ਜਿਸ ਸਬੰਧੀ ਜਾਣਕਾਰੀ ਵਿਭਾਗ ਦੀ ਵੈਬਸਾਈਟ ਉੱਤੇ ਦਿੱਤੀ ਜਾ ਰਹੀ ਹੈ। ਇਸ ਸਬੰਧੀ ਸਾਰੀਆਂ ਸੰਸਥਾ ਸਮੇਂ-ਸਮੇਂ ਸਿਰ ਵਿਭਾਗ ਦੀ ਵੈਬ-ਸਾਈਟ ਚੈੱਕ ਕਰਨ ਅਤੇ ਹਰੇਕ ਪੱਤਰ ਨੂੰ ਗੰਭੀਰਤਾ ਨਾਲ ਲੈਣ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

**ਪਿਠ ਅੰਕਣ ਨੰ:** :6ਐਮ.ਈ.3-ਪੰ:-13/ 10576 ਮਿਤੀ ਚੰਡੀਗੜ੍ਹ: 10/6/13

ਉਤਾਰ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਦਾਖਲੇ ਦੀ ਕੌਂਸਿਲ ਵਿੱਚ ਭਲਾਈ ਵਿਭਾਗ ਦਾ ਨੁਮਾਇੰਦਾ ਜੋ ਕਿ ਕੌਂਸਲਿੰਗ ਕਮੇਟੀ ਦਾ ਮੈਂਬਰ ਹੁੰਦਾ ਹੈ, ਇਹ ਯਕੀਨੀ ਬਣਾਵੇ ਕਿ ਹਰੇਕ ਵਿਦਿਆਰਥੀ ਨੂੰ ਇਸ ਸਕੀਮ ਦੀ ਜਾਣਕਾਰੀ ਪ੍ਰਾਪਤ ਹੈ। ਉਹ ਕੌਂਸਲਿੰਗ ਸਮੇਂ ਭਲਾਈ ਵਿਭਾਗ ਦੀਆਂ ਤਾਜਾ ਹਦਾਇਤਾਂ/ਸਕੀਮਾਂ ਸਬੰਧੀ ਦਸਤਾਵੇਜ ਨਾਲ ਲੈ ਕੇ ਜਾਵੇ ਅਤੇ ਵਿਦਿਆਰਥੀ ਦੇ ਦਸਤਾਵੇਜਾਂ ਦੀ ਪੜਤਾਲ ਕਰਕੇ ਇਹ ਤਸਦੀਕ ਕਰੇ ਕਿ ਸਬੰਧਤ ਵਿਦਿਆਰਥੀ ਸਕਾਲਰਸ਼ਿਪ ਦਾ ਲਾਭ ਪ੍ਰਾਪਤ ਕਰ ਲਈ ਯੋਗ ਹੈ, ਤਾਂ ਜੋ ਵਿਦਿਆਰਥੀ ਤੋਂ ਫੀਸ ਨਾ ਲਈ ਜਾਵੇ ਅਤੇ ਵਿਦਿਆਰਥੀ ਨਾਲ ਸਬੰਧਤ ਸੰਸਥਾ ਸਕਾਲਰਸ਼ਿਪ ਰਾਹੀਂ ਆਪਣੀ ਫੀਸ ਦੀ ਪ੍ਰਤੀ ਪੂਰਤੀ ਕਰੇ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

**ਪਿਠ ਅੰਕਣ ਨੰ:** :6ਐਮ.ਈ.3-ਪੰ:-13/ 10577-10771 ਮਿਤੀ ਚੰਡੀਗੜ੍ਹ: 10/6/13

ਉਤਾਰਾ ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਸਾਰੀਆਂ ਮੈਡੀਕਲ, ਡੈਂਟਲ, ਆਯੂਰਵੈਦਿਕ, ਹੋਮਿਓਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁੱਖੀਆਂ ਨੂੰ ਪਾਲਣਾ ਹਿਤ ਭੇਜਿਆ ਜਾਂਦਾ ਹੈ ਅਤੇ ਸਪਸ਼ਟ ਕੀਤਾ ਜਾਂਦਾ ਹੈ ਕਿ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਾ ਕਰਨ ਵਾਲੀਆਂ ਸੰਸਥਾਵਾਂ ਵਿਰੁਧ ਸਖਤ ਕਾਰਵਾਈ ਦੀ ਸਿਫਾਰਿਸ਼ ਕੀਤੀ ਜਾਵੇਗੀ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

E:\2012-13\Letter Punjabi.Docx